# ਪ੍ਰਾਸਪੈਕਟਸ

## ਮੈਟ੍ਰਿਕੁਲੇਸ਼ਨ ਪਰੀਖਿਆ

## ਪ੍ਰਾਈਵੇਟ ਉਮੀਦਵਾਰਾਂ ਲਈ

## ਕੇਵਲ ਵਾਧੂ ਵਿਸ਼ਾ ਅਤੇ ਕਾਰਗੁਜ਼ਾਰੀ ਵਧਾਉਣ ਸਬੰਧੀ

## ਸੈਸ਼ਨ : 2011-12


## ਪੰਜਾਬ ਸਕੂਲ ਸਿੱਖਿਆ ਬੋਰਡ

## ਸਾਹਿਬਜ਼ਾਦਾ ਅਜੀਤ ਸਿੰਘ ਨਗਰ

## (ਪੰਜਾਬ)


**ਨੋਟ:- ਫਾਰਮ ਦੀ ਕੀਮਤ 100/- ਰੁਪਏ ਪਰੀਖਿਆ ਫੀਸ ਦੇ ਨਾਲ ਹੀ ਜਮ੍ਹਾਂ ਕਰਵਾਈ ਜਾਵੇ।**

**ਪੰਜਾਬ ਸਕੂਲ ਸਿੱਖਿਆ ਬੋਰਡ**

**ਮੈਟ੍ਰਿਕ ਪਰੀਖਿਆ**

**ਵਾਧੂ ਵਿਸ਼ਾ/ਕਾਰਗੁਜਾਰੀ ਵਧਾਉਣ ਵਾਲੇ ਉਮੀਦਵਾਰਾਂ ਲਈ**

**ਪਰੀਖਿਆ ਫਾਰਮ ਭਰਨ ਸਬੰਧੀ ਜ਼ਰੂਰੀ ਸੂਚਨਾਵਾਂ/ਹਦਾਇਤਾਂ**

---

1 ਪਰੀਖਿਆ ਫਾਰਮ ਭਰਨ ਤੋਂ ਪਹਿਲਾਂ ਪਰੀਖਿਆ ਸਬੰਧੀ ਨਿਯਮ/ਵਿਨਿਯਮ/ਪਾਠ-ਕ੍ਰਮ ਨੂੰ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ।

2 ਉਮੀਦਵਾਰ ਵੱਲੋਂ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਾਉਣ ਨਾਲ ਪਰੀਖਿਆ ਦੇਣ ਦਾ ਅਧਿਕਾਰ ਨਹੀਂ ਬਣ ਜਾਂਦਾ। ਪਰੀਖਿਆ ਉਹੀ ਉਮੀਦਵਾਰ ਦੇ ਸਕਦਾ ਹੈ ਜੋ ਨਿਯਮਾਂ ਅਨੁਸਾਰ ਯੋਗਤਾਵਾਂ ਪੂਰੀਆਂ ਕਰਦਾ ਹੋਵੇ।

☞ **3 ਉਮੀਦਵਾਰ ਪਰੀਖਿਆ ਫਾਰਮ ਆਪਣੇ ਹੱਥ ਨਾਲ ਭਰੇ,ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ/ਮਾਤਾ ਦਾ ਨਾਂ/ਜਨਮ ਮਿਤੀ ਅਤੇ ਰਜਿਸਟ੍ਰੇਸ਼ਨ ਨੰਬਰ ਦਸਵੀਂ ਦੇ ਸਰਟੀਫਿਕੇਟ ਅਨੁਸਾਰ ਲਿਖਿਆ ਜਾਵੇ ਅਤੇ ਆਪਣੀ ਇੱਕ ਰੰਗੀਨ ਫੋਟੋ ਲੋੜੀਂਦੀ ਥਾਂ ਤੇ ਬਿਨ੍ਹਾਂ ਤਸਦੀਕ ਕੀਤੇ ਅਤੇ ਇੱਕ ਫੋਟੋ ਉਸੇ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਲੋੜੀਂਦੀ ਥਾਂ ਤੇ ਗੂੰਦ ਨਾਲ ਚਿਪਕਾਈ ਜਾਵੇ ਜੋ ਪਰੀਖਿਆ ਫਾਰਮ ਤਸਦੀਕ ਕਰੇਗਾ।**

4 ਗਲਤ ਬਿਆਨੀ/ਗਲਤ ਪਤਾ/ਅਧੂਰੇ ਵੇਰਵੇ ਅਤੇ ਯੋਗ ਤਸਦੀਕ ਨਾ ਹੋਣ ਕਾਰਨ/ਫੀਸ ਘੱਟ ਪ੍ਰਾਪਤ ਹੋਣ ਕਾਰਨ ਜਾਂ ਫਾਰਮ ਵਿੱਚ ਕੋਈ ਹੋਰ ਤਰੁੱਟੀ ਹੋਣ ਕਾਰਨ ਉਮੀਦਵਾਰ ਦਾ ਉਮੀਦਵਾਰੀ ਹੱਕ ਰੱਦ ਕਰ ਦਿੱਤਾ ਜਾਵੇਗਾ।

5 ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫਾਰਮ/ਫੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫਿਕੇਟ ਅਤੇ ਫੋਟੋ ) ਸਮੇਤ ਰੋਲ ਨੰਬਰ ਪ੍ਰਾਪਤ ਕਰਨ ਲਈ ਦਫਤਰ ਨਾਲ ਸੰਪਰਕ ਕੀਤਾ ਜਾਵੇ।

6 ਕੇਵਲ ਨੇਤਰਹੀਣ ਅਤੇ ਲਿਖਣ ਤੋਂ ਨਕਾਰਾ ਹੋਏ ਉਮੀਦਵਾਰਾਂ ਲਈ ਲਿਖਾਰੀ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਬਿਨੈ ਪੱਤਰ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫਸਰ ਕੋਲੋਂ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰ ਕੇ ਆਪਣੇ ਪਰੀਖਿਆ ਫਾਰਮ ਦੇ ਨਾਲ ਭੇਜਣ।

7 ਪਰੀਖਿਆ ਫੀਸ ਨਿਯਮਾਂ ਅਨੁਸਾਰ ਕੇਵਲ ਅਜਿਹੇ ਉਮੀਦਵਾਰ ਦੀ ਵਾਪਸ ਕੀਤੀ ਜਾਵੇਗੀ ਜੋ ਪਰੀਖਿਆ ਦੇਣ ਤੋਂ ਅਯੋਗ ਹੋਵੇ ਜਾਂ ਪਰੀਖਿਆ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰ ਦੀ ਮੌਤ ਹੋ ਗਈ ਹੋਵੇ।

8 ਝਗੜੇ ਦੀ ਸੂਰਤ ਵਿੱਚ ਕਾਨੂੰਨੀ ਕਾਰਵਾਈ ਕੇਵਲ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਸਥਿਤ ਅਦਾਲਤ ਵਿੱਚ ਹੀ ਕੀਤੀ ਜਾਵੇਗੀ।

9 ਇਸ ਬੋਰਡ ਤੋਂ ਪਹਿਲਾਂ ਪਾਸ ਕੀਤੀ ਦਸਵੀਂ ਸ਼੍ਰੇਣੀ ਦੀ ਪਰੀਖਿਆ ਵਾਲੇ ਉਮੀਦਵਾਰ ਕਾਰਗੁਜ਼ਾਰੀ ਵਧਾਉਣ ਲਈ ਪਰੀਖਿਆ ਦੇ ਸਕਦੇ ਹਨ। ਇਹ ਪਰੀਖਿਆ ਪਹਿਲੀ ਪਰੀਖਿਆ ਪਾਸ ਕਰਨ ਤੋਂ ਦੋ ਸਾਲ ਦੇ ਅੰਦਰ-ਅੰਦਰ ਦਿੱਤੀ ਜਾ ਸਕਦੀ ਹੈ। ਬਸ਼ਰਤੇ ਉਮੀਦਵਾਰ ਨੇ ਕੋਈ ਅਗਲੀ ਉਚੇਰੀ ਪਰੀਖਿਆ ਪਾਸ ਨਾ ਕੀਤੀ ਹੋਵੇ। ਅਜਿਹੇ ਉਮੀਦਵਾਰ ਇੱਕ ਜਾਂ ਵੱਧ ਵਿਸ਼ਿਆਂ ਦੀ ਪਰੀਖਿਆ ਦੇ ਕੇ ਵੀ ਕਾਰਗੁਜ਼ਾਰੀ ਵਧਾ ਸਕਦੇ ਹਨ। (ਕਾਰਗੁਜ਼ਾਰੀ ਵਧਾਉਣ ਦੀ ਸੁਵਿਧਾ ਕੇਵਲ ਇਸ ਬੋਰਡ ਤੋਂ ਦਸਵੀਂ ਪਾਸ ਕਰਨ ਵਾਲੇ ਉਮੀਦਵਾਰਾਂ ਲਈ ਹੈ।)

10 ਵਾਧੂ ਵਿਸ਼ੇ ਦੀ ਪਰੀਖਿਆ ਕੇਵਲ ਦਸਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਹੀ ਦਿੱਤੀ ਜਾ ਸਕਦੀ ਹੈ।

11 ਵਾਧੂ ਵਿਸ਼ੇ ਦਾ ਉਮੀਦਵਾਰ ਜੇਕਰ ਵਿਗਿਆਨ ਜਾਂ ਹੋਰ ਪ੍ਰਯੋਗੀ ਪਰੀਖਿਆ ਵਾਲੇ ਵਿਸ਼ੇ ਦੀ ਪਰੀਖਿਆ ਦੇਣੀ ਚਾਹੁੰਦਾ ਹੈ ਤਾਂ ਉਸਨੂੰ ਲਿਖਤੀ ਅਤੇ ਪ੍ਰਯੋਗੀ ਦੋਵੇਂ ਪਰੀਖਿਆਵਾਂ ਦੇਣੀਆਂ ਪੈਣਗੀਆਂ।

**2. ਪਰੀਖਿਆ ਫਾਰਮ ਤਸਦੀਕ ਕਰਨ ਵਾਲੇ ਸਮਰੱਥ ਅਧਿਕਾਰੀਆਂ ਦੀ ਸੂਚਨਾ ਹੇਠ ਦਰਜ ਹੈ।**

2.1 ਉਮੀਦਵਾਰ ਜਿਹੜੇ ਪੰਜਾਬ ਰਾਜ ਵਿੱਚ ਰਹਿੰਦੇ ਹਨ:- ਪੰਜਾਬ ਸਰਕਾਰ/ਬੋਰਡ ਦੇ ਕਿਸੇ ਵੀ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਜਾਂ ਪੰਜਾਬ ਦੇ ਕਿਸੇ ਪ੍ਰਵਾਨਿਤ ਕਾਲਜ ਦੇ ਪ੍ਰਿੰਸੀਪਲ ਕੋਲੋਂ ਜਾਂ ਜ਼ਿਲ੍ਹਾ/ਮੰਡਲ ਜਾਂ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਉਚ-ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਅਧਿਕਾਰੀ ਤੋਂ ਜਿਸ ਦਾ ਆਹੁਦਾ ਸਹਾਇਕ ਸਕੱਤਰ ਤੋਂ ਘੱਟ ਨਾ ਹੋਵੇ ਜਾਂ ਬੋਰਡ ਦੇ ਕਿਸੇ ਮੈਂਬਰ ਤੋਂ।

2.2 ਉਮੀਦਵਾਰ ਜਿਹੜੇ ਪੰਜਾਬ ਰਾਜ ਤੋਂ ਬਾਹਰ ਰਹਿੰਦੇ ਹਨ:- **(ੳ) ਨੰ.2.1** ਵਿੱਚ ਦਰਸਾਏ ਕਿਸੇ ਇੱਕ ਅਧਿਕਾਰੀ ਕੋਲੋਂ ਜਾਂ (ਅ) ਸਬੰਧਤ ਰਾਜ ਦੇ ਸਿੱਖਿਆ ਵਿਭਾਗ ਦੇ ਕਿਸੇ ਅਜਿਹੇ ਅਧਿਕਾਰੀ ਕੋਲੋਂ ਜਿਸ ਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ ਜਾਂ (ੲ) ਪਹਿਲੇ ਦਰਜੇ ਦਾ ਮੈਜਿਸਟ੍ਰੇਟ।

2.3 ਕੇਂਦਰੀ ਇਲਾਕਾ ਚੰਡੀਗੜ੍ਹ ਦੇ ਉਮੀਦਵਾਰ ਆਪਣਾ ਪਰੀਖਿਆ ਫਾਰਮ ਸਥਾਨਿਕ ਪ੍ਰਵਾਨਿਤ ਹਾਈ/ਸੀਨੀਅਰ ਸੈਕੰਡਰੀ ਸਕੂਲ ਦੇ ਮੁਖੀ ਕੋਲੋਂ ਤਸਦੀਕ ਕਰਵਾ ਸਕਦੇ ਹਨ। ਜਾਂ ਸਥਾਨਿਕ ਸਿੱਖਿਆ ਵਿਭਾਗ ਦੇ ਕਿਸੇ ਅਧਿਕਾਰੀ ਪਾਸੋਂ ਜਿਸਦਾ ਆਹੁਦਾ ਜ਼ਿਲ੍ਹਾ ਸਿੱਖਿਆ ਅਫ਼ਸਰ ਤੋਂ ਘੱਟ ਨਾ ਹੋਵੇ।

2.4 ਸੈਨਿਕ ਉਮੀਦਵਾਰ ਪਰੀਖਿਆ ਫਾਰਮ ਆਪਣੇ ਯੂਨਿਟ ਦੇ ਰਜਮੈਂਟ /ਕੰਪਨੀ ਅਫ਼ਸਰ ਤੋਂ ਤਸਦੀਕ ਕਰਵਾਉਣ। ਸੈਨਿਕ ਹੋਣ ਦਾ ਸਬੂਤ ਨਾਲ ਨੱਥੀ ਕੀਤਾ ਜਾਵੇ।

**3. ਪਰੀਖਿਆ ਦਾ ਸ਼ਡਿਊਲ :**

3.1 ਇਹ ਪਰੀਖਿਆ ਸਾਲ ਵਿੱਚ ਦੋ ਵਾਰ ਹੋਵੇਗੀ।

3.2 ਵਾਧੂ ਵਿਸ਼ਾ ਅਤੇ ਕਾਰਗੁਜ਼ਾਰੀ ਵਧਾਉਣ ਲਈ ਪਰੀਖਿਆ ਦੋਵੇ ਸਮੈਸਟਰਾਂ ਦੀ ਇਕੱਠੀ ਸਵੇਰੇ ਅਤੇ ਸ਼ਾਮ ਦੇ ਸੈਸ਼ਨ ਵਿੱਚ ਹੋਵੇਗੀ ਅਤੇ ਫੀਸ ਵੀ ਦੋਵੇ ਸਮੈਸਟਰਾਂ ਦੀ ਇਕੱਠੀ ਜਮ੍ਹਾਂ ਹੋਵੇਗੀ।

3.3 ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਪਰੀਖਿਆਵਾਂ ਦੇ ਸਮੇਂ ਵਿੱਚ ਲੋੜ ਅਨੁਸਾਰ ਤਬਦੀਲੀ ਕਰ ਸਕਦੇ ਹਨ।

**4. ਦਫ਼ਤਰ ਵਿੱਚ ਪਰੀਖਿਆ ਫਾਰਮ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸ਼ਡਿਊਲ :**

| **ਬਿਨ੍ਹਾਂ ਲੇਟ ਫੀਸ** | **ਲੇਟ ਫੀਸ ਵਾਲੀਆਂ ਮਿਤੀਆਂ** | | |
|---|---|---|---|
| | **200/- ਰੁ. ਲੇਟ ਫੀਸ** | **500/- ਰੁ. ਲੇਟ ਫੀਸ** | **2000/- ਰੁ. ਲੇਟ ਫੀਸ (ਚੇਅਰਮੈਨ ਸਾਹਿਬ ਦੀ ਪ੍ਰਵਾਨਗੀ ਨਾਲ)** |
| **17/06/2011** | **27/06/2011** | **08/07/2011** | **29/07/2011** |

4.1 ਜੇਕਰ ਆਖਰੀ ਮਿਤੀ ਨੂੰ ਛੁੱਟੀ ਦਾ ਦਿਨ ਹੋਵੇ ਤਾਂ ਉਸ ਤੋਂ ਅਗਲਾ ਕੰਮ ਵਾਲਾ ਦਿਨ ਆਖਰੀ ਮਿਤੀ ਵਾਲਾ ਦਿਨ ਮੰਨਿਆ ਜਾਵੇਗਾ।

4.2 500/- ਰੁਪਏ ਲੇਟ ਫੀਸ ਤੱਕ ਪਰੀਖਿਆ ਫੀਸ ਅਤੇ ਫਾਰਮ ਬੋਰਡ ਦੇ ਖੇਤਰੀ ਦਫਤਰਾਂ ਵਿੱਚ ਜਮ੍ਹਾਂ ਕਰਵਾਏ ਜਾ ਸਕਦੇ ਹਨ। ਇਸ ਤੋਂ ਬਾਅਦ ਫਾਰਮ ਕੇਵਲ ਮੁੱਖ ਦਫਤਰ ਵਿੱਚ ਹੀ ਜਮ੍ਹਾਂ ਹੋਣਗੇ।

4.3 ਮਾਰਚ 2011 ਦੀ ਪਰੀਖਿਆ ਵਿੱਚ ਅਪੀਅਰ ਹੋਏ ਉਮੀਦਵਾਰਾਂ ਲਈ ਫੀਸਾਂ ਦਾ ਸ਼ਡਿਊਲ ਨਤੀਜਾ ਘੋਸ਼ਿਤ ਹੋਣ ਤੋਂ ਬਾਅਦ ਜਾਰੀ ਕੀਤਾ ਜਾਵੇਗਾ।

**5. ਪਰੀਖਿਆ ਫੀਸ :-**

| | | |
|---|---|---|
| 5.1 | ਪੰਜਾਬ ਰਾਜ ਤੇ ਪੰਜਾਬ ਬੋਰਡ ਦੇ ਉਮੀਦਵਾਰ ਜੋ ਕਿ ਕਾਰਗੁਜ਼ਾਰੀ ਵਧਾਉਣ ਲਈ/ਦਸਵੀਂ ਪਾਸ ਕਰਨ ਉਪਰੰਤ ਇੱਕ ਤੋਂ ਵੱਧ ਵਾਧੂ ਵਿਸ਼ਿਆਂ ਦੀ ਪਰੀਖਿਆ ਦੇਣੀ ਚਾਹੁੰਦੇ ਹਨ : | 500/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |
| 5.2 | ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ ਜੋ ਕਿ ਪੰਜਾਬ ਬੋਰਡ ਜਾਂ ਕਿਸੇ ਬਾਹਰਲੇ ਰਾਜ ਦੇ ਬੋਰਡ ਤੋਂ ਦਸਵੀਂ ਪਾਸ ਕਰਣ ਉਪਰੰਤ ਇੱਕ ਤੋਂ ਵੱਧ ਵਾਧੂ ਵਿਸ਼ਿਆਂ ਦੀ/ਕਾਰਗੁਜ਼ਾਰੀ ਵਧਾਉਣ ਲਈ ਪਰੀਖਿਆ ਦੇਣੀ ਚਾਹੁੰਦੇ ਹਨ : | 700/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |
| 5.3 | ਪੰਜਾਬ ਰਾਜ ਦੇ ਉਮੀਦਵਾਰ ਜੋ ਪੰਜਾਬ ਬੋਰਡ ਤੋਂ ਦਸਵੀਂ ਦੀ ਪਰੀਖਿਆ ਪਾਸ ਕਰਨ ਉਪਰੰਤ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੰਦੇ ਹਨ : | 220/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |
| 5.4 | ਪੰਜਾਬ ਰਾਜ ਤੋਂ ਬਾਹਰਲੇ ਉਮੀਦਵਾਰ ਜਿਨ੍ਹਾਂ ਨੇ ਦਸਵੀਂ ਦੀ ਪਰੀਖਿਆ ਪੰਜਾਬ ਬੋਰਡ ਜਾਂ ਕਿਸੇ ਹੋਰ ਰਾਜ ਦੇ ਬੋਰਡ ਤੋਂ ਪਾਸ ਕੀਤੀ ਹੈ ਅਤੇ ਇੱਕ ਵਾਧੂ ਵਿਸ਼ੇ ਦੀ ਪਰੀਖਿਆ ਦੇਣੀ ਚਾਹੰਦੇ ਹਨ। | 330/- ਰੁਪਏ (+40/- ਰੁ. ਪ੍ਰਤੀ ਪ੍ਰਯੋਗੀ ਵਿਸ਼ਾ) (ਪ੍ਰਤੀ ਸਮੈਸਟਰ) |

ਨੋਟ :- ਵਾਧੂ ਵਿਸ਼ਾ ਅਤੇ ਕਾਰਗੁਜਾਰੀ ਵਧਾਉਣ ਵਾਲੇ ਉਮੀਦਵਾਰ ਦੋਵੇ ਸਮੈਸਟਰਾਂ ਦੀ ਇੱਕ ਮੁਸ਼ਤ ਫੀਸ ਜਮ੍ਹਾਂ ਕਰਾਉਣਗੇ ਅਤੇ ਪਰੀਖਿਆ ਫਾਰਮ ਦੀ ਫੀਸ 100/- ਰੁ ਵੀ ਪਰੀਖਿਆ ਫੀਸ ਦੇ ਨਾਲ ਜਮ੍ਹਾਂ ਕਰਵਾਉਣਗੇ। ਪਰੀਖਿਆ ਫੀਸ ਬੈਂਕ ਡਰਾਫਟ/ਆਈ.ਪੀ.ਓ. **(I.P.O)** ਮਨੀਆਰਡਰ / ਬੈਂਕ ਚੈਕ ਰਾਹੀਂ ਨਾ ਭੇਜੀ ਜਾਵੇ। ਪਰੀਖਿਆ ਫਾਰਮ ਅਤੇ ਪਰੀਖਿਆ ਫੀਸ ਬੋਰਡ ਦੇ ਖੇਤਰੀ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ ਅਤੇ ਇਸ ਦੀ ਰਸੀਦ ਪ੍ਰਾਪਤ ਕੀਤੀ ਜਾਵੇ। ਪਰੀਖਿਆ ਫੀਸ ਦੀ ਰਸੀਦ ਦੇ ਨੰਬਰ ਦਾ ਇੰਦਰਾਜ ਪਰੀਖਿਆ ਫਾਰਮ ਵਿੱਚ ਜ਼ਰੂਰ ਕੀਤਾ ਜਾਵੇ। ਪਰੀਖਿਆ ਫੀਸ / ਫਾਰਮ ਬੋਰਡ ਦੇ ਮੁੱਖ ਦਫਤਰ, ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਵੀ ਜਮ੍ਹਾਂ ਕਰਵਾਏ ਜਾ ਸਕਦੇ ਹਨ।

**6 ਪਰੀਖਿਆ ਕੇਂਦਰ:-** ਉਮੀਦਵਾਰ ਨੂੰ ਪਰੀਖਿਆ ਕੇਂਦਰ ਕੇਵਲ ਤਹਿਸੀਲ/ਜਿਲਾ ਹੈਡਕੁਆਟਰ ਤੇ ਹੀ ਅਲਾਟ ਕੀਤਾ ਜਾਵੇਗਾ ਅਤੇ ਉਮੀਦਵਾਰ ਦਫਤਰ ਵਲੋ ਨਿਰਧਾਰਤ ਪਰੀਖਿਆ ਕੇਂਦਰ ਤੇ ਹੀ ਪਰੀਖਿਆ ਦੇਵੇਗਾ।

| ਵਿਸ਼ੇ ਵਾਰ ਵਿਸ਼ਾ ਕੋਡ | | ਵਿਸ਼ਾ | ਵਿਸ਼ੇ |
|---|---|---|---|
| ਵਿਸ਼ਾ | ਵਿਸ਼ੇ | 30 | MUSIC (VOCAL) |
| 01 | PUNJABI | 31 | MUSIC (INSTR.) |
| 07 | PUNJAB HISTORY AND CULTURE | 32 | MUSIC (TABLA) |
| 02 | ENGLISH | 33 | HOME SCIENCE |
| 03 | HINDI | 35 | AGRICULTURE |
| 04 | MATHEMATICS | 38 | REP & MAINT OF HHEA |
| 05 | SCIENCE | 39 | ELECTRONIC  TECHNOLOGY |
| 06 | SOCIAL STUDIES | 40 | REPAIR & MAINTENANCE OF FARM POWER & MACHINERY |
| 08 | HEALTH & PHY. EDU. | 41 | WELDING |
| 63 | COMPUTER SCIENCE | 42 | REP & MAINT OF SCOOTER & MOTORCYCLE |
| 09 | SANSKRIT | 43 | BASIC GARMENT TECHNOLOGY |
| 18 | RUSSIAN | 44 | WOOD CRAFT |
| 10 | URDU ELECTIVE | 45 | BASIC OFFICE WORK & STENOGRAPHY |
| 11 | PERSIAN | 46 | GENERAL HOTRICULTURE |
| 12 | ARABIC | 47 | KNITTING (HAND & MACHINE) |
| 68 | SPANISH | 48 | ENGG. DRAFTING & DUPLICATING |
| 15 | FRENCH | 34 | COMPUTER SCINCE (PRE-VOCATIONAL) |
| 16 | GERMAN | 49 | FOOD PRESERVATION |
| 50 | KOREAN | 51 | WEAVING TECHNOLOGY |
| 69 | YOGA | 52 | COMMERCIAL ART |
| 28 | MECH. DRAWING & PAINTING | 53 | MANUFACTURING OF SPORTS GOODS |
| 29 | CUTT. & TAILORING | 54 | MANUFACTURING OF LEATHER GOODS |
| | | 71 | URDU (INLIEU OF HINDI) |

## ਰਸੀਦ

(ਉਮੀਦਵਾਰ ਆਪਣੇ ਹੱਥ ਨਾਲ ਭਰੇ)

ਨੋਟ : ਇਹ ਰਸੀਦ ਉਮੀਦਵਾਰ ਰੋਲ ਨੰਬਰ ਮਿਲਣ ਤੱਕ ਆਪਣੇ ਕੋਲ ਸੰਭਾਲ ਕੇ ਰੱਖੇ। ਪਰੀਖਿਆ ਸ਼ੁਰੂ ਹੋਣ ਤੋਂ ਇੱਕ ਹਫ਼ਤਾ ਪਹਿਲਾਂ ਰੋਲ ਨੰਬਰ ਨਾ ਮਿਲਣ ਦੀ ਸੂਰਤ ਵਿੱਚ ਉਮੀਦਵਾਰ ਵੱਲੋਂ ਸਬੂਤਾਂ (ਪਰੀਖਿਆ ਫ਼ਾਰਮ/ਫ਼ੀਸ ਦੀ ਰਸੀਦ/ਯੋਗਤਾ ਸਬੰਧੀ ਸਰਟੀਫ਼ਿਕੇਟ ਅਤੇ ਫ਼ੋਟੋ) ਸਮੇਤ ਦਫ਼ਤਰ ਨਾਲ ਸੰਪਰਕ ਕੀਤਾ ਜਾਵੇ।

**ਮੈਟ੍ਰਿਕ ਪਰੀਖਿਆ ਵਾਧੂ ਵਿਸ਼ਾ ਅਤੇ ਕਾਰਗੁਜ਼ਾਰੀ ਵਧਾਉਣ ਸਬੰਧੀ। ਸੈਸ਼ਨ 2011-12**

ਪਰੀਖਿਆ ਫੀਸ ਦੀ ਰਕਮ......................................ਰੁਪਏ, ਬੋਰਡ ਰਸੀਦ ਨੰ:.................................ਮਿਤੀ...........................................

ਉਮੀਦਵਾਰ ਦਾ ਨਾਂ............................................................ ਪਿਤਾ ਦਾ ਨਾਂ ..............................................................................

ਮਾਤਾ ਦਾ ਨਾਂ ...................................................................... ਜ਼ਿਲ੍ਹਾ ....................................................... ਦਾ ਪਰੀਖਿਆ ਫਾਰਮ

ਮਿਤੀ ................................................. ਨੂੰ ਪ੍ਰਾਪਤ ਕੀਤਾ।

ਹਸਤਾਖਰ ਪ੍ਰਾਪਤ ਕਰਤਾ

ਦਫ਼ਤਰੀ ਮੋਹਰ